ਵੱਲੋਂ,

ਕਾਰਜਕਾਰੀ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰ. 2
ਜਲੰਧਰ

ਸੇਵਾ ਵਿਖੇ,

ਨਿਗਰਾਨ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਹਲਕਾ,
ਜਲੰਧਰ

ਨੰ. 2233 ਮਿਤੀ. 22/5/18

ਵਿਸ਼ਾ:- ਕੁਆਲਟੀ ਕੰਟਰੋਲ ਟੀਮ ਵੱਲੋਂ ਮਿਤੀ:19.01.2018 ਨੂੰ ਫਗਵਾੜਾ ਦੇ ਕੰਮ ਚੈੱਕ ਕਰਨ ਸਬੰਧੀ। (Prov. & Installing 10 No. T/well & Const. of Pump Chamber (Agency:- M/S Goyal Tubewell Store, Nabha)

ਹਵਾਲਾ:- ਆਪ ਜੀ ਦੇ ਦਫਤਰ ਦਾ ਪਿੱਠ ਅੰਕਣ ਨੰ. 1099 ਮਿਤੀ:22.02.2018

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਰਿਪੋਰਟ ਹੇਠ ਲਿਖੇ ਅਨੁਸਾਰ ਹੈ ਜੀ:-

1. ਗਰੈਨ ਮਾਰਕਿਟ ਹੱਡਾ ਰੋੜੀ ਵਿਖੇ ਪੰਪ ਚੈਂਬਰ ਦੀ ਪਲਿੰਥ ਪ੍ਰੋਟੈਕਸ਼ਨ ਦਾ ਫਰਸ਼ ਦੁਬਾਰਾ ਠੀਕ ਕਰਕੇ ਪਾ ਦਿੱਤਾ ਗਿਆ ਹੈ ਜੀ।
2. ਜਿੱਥੋਂ ਤੱਕ 7 ਨੰ. ਟਿਊਬਵੈੱਲਾਂ ਵਿੱਚੋਂ 6 ਨੰ. ਟਿਊਬਵੈੱਲਾਂ ਦੇ ਬਿਜਲੀ ਕੁਨੈਕਸ਼ਨਾਂ ਦਾ ਸਬੰਧ ਹੈ ਉਸ ਬਾਰੇ ਦੱਸਿਆ ਜਾਂਦਾ ਹੈ ਕਿ ਟਿਊਬਵੈੱਲ ਦੀ ਡਲੀਵਰੀ ਨੂੰ Main distribution ਨਾਲ ਜੋੜਨ ਦਾ ਕੰਮ M/s Sukhmani Megastructures Pvt. Ltd., Patiala ਵੱਲੋਂ ਕੀਤਾ ਜਾਣਾ ਸੀ।ਪ੍ਰੰਤੂ ਉਕਤ ਏਜੰਸੀ ਵੱਲੋਂ ਮੌਕੇ ਤੇ ਪਿਛਲੇ 10-12 ਮਹੀਨੇ ਤੋਂ ਕੰਮ ਨਹੀਂ ਕੀਤਾ ਜਾ ਰਿਹਾ ਸੀ।ਜਿਸ ਕਾਰਨ ਇਹ ਟਿਊਬਵੈੱਲ Distribution system ਨਾਲ ਜੋੜੇ ਨਹੀਂ ਜਾ ਸਕੇ।ਇਸ ਦਫਤਰ ਵੱਲੋਂ M/s Sukhmani Megastructures Pvt. Ltd., Patiala ਤੋਂ ਕੰਮ ਕਰਵਾਉਣ ਲਈ ਅਣਥੱਕ ਯਤਨ ਕੀਤੇ ਗਏ ਪ੍ਰੰਤੂ ਕੋਈ ਸਾਰਥੱਕ ਨਤੀਜਾ ਨਹੀਂ ਨਿਕਲਿਆ ਅਤੇ ਏਜੰਸੀ ਵੱਲੋਂ ਕੰਮ ਕਰੁਨ ਤੋਂ ਇਨਕਾਰ ਕਰ ਦਿੱਤਾ ਗਿਆ।ਜਿਸ ਉਪਰੰਤ ਇਸ ਦਫਤਰ ਵੱਲੋਂ ਉਸ ਦਾ ਐਗਰੀਮੈਂਟ (21 ਆਫ 2016-17) ਮਿਤੀ:17.05.2018 ਨੂੰ ਟਰਮੀਨੇਟ ਕਰ ਦਿੱਤਾ ਗਿਆ ਹੈ।ਫਰਮ ਦਾ ਅਕਾਉਂਟ ਕਲੋਜ਼ ਕਰਨ ਦੀ ਪ੍ਰਕਿਰਿਆ ਜਾਰੀ ਹੈ।ਇਸ ਉਪਰੰਤ ਉੱਚ ਅਧਿਕਾਰੀਆਂ ਦੀ ਮੰਜੂਰੀ ਪ੍ਰਾਪਤ ਹੋਣ ਤੇ ਉਕਤ ਕੰਮ ਦੀ ਰੀਟੈਂਡਰਿੰਗ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਵੇਗੀ ਅਤੇ ਕੰਮ ਨੂੰ ਜਲਦ ਤੋਂ ਜਲਦ ਪੂਰਾ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।ਕੁੱਲ 8 ਨੰਬਰ ਟਿਊਬਵੈੱਲਾਂ ਨੂੰ Distribution system ਨਾਲ ਜੋੜਨ ਦਾ ਕੰਮ ਵੀ ਉਕਤ ਨਵੇਂ ਲੱਗਣ ਵਾਲੇ ਟੈਂਡਰ ਅਧੀਨ ਕਰਵਾ ਦਿੱਤਾ ਜਾਵੇਗਾ।

ਇਹ ਆਪ ਜੀ ਦੀ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਹੈ ਜੀ।

ਕਾਰਜਕਾਰੀ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰ. 2,
ਜਲੰਧਰ